# ਬੋਲੀ ਦਾ ਨੋਟਿਸ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 31.03.2017 ਨੂੰ ਸਵੇਰੇ 11:00 ਵਜੇ ਵਾਟਰ ਰਿਸੋਰਸਿਜ ਭਵਨ, ਸੈਕਟਰ 68, ਐਸ.ਏ.ਐਸ. ਨਗਰ, ਮੋਹਾਲੀ ਦੀ ਕੰਟੀਨ ਦੀ ਬੋਲੀ ਸਮਾਂ ਮਿਤੀ 01.04.2017 ਤੋਂ 31.03.2018 ਤੱਕ 12 ਮਹੀਨਿਆਂ ਲਈ ਕੀਤੀ ਜਾਵੇਗੀ। ਬੋਲੀ ਦੇ ਕੇ ਲਾਭ ਉਠਾਓ। ਬੋਲੀ ਨੀਯਤ ਮਿਤੀ ਤੇ ਉਪ ਮੰਡਲ ਅਫਸਰ, ਜਲ ਸਾਧਨ ਖੋਜ ਉਪ ਮੰਡਲ ਨੰ: 1, ਵਾਟਰ ਰਿਸੋਰਸਿਜ ਭਵਨ, ਸੈਕਟਰ 68, ਐਸ.ਏ.ਐਸ. ਨਗਰ, ਮੋਹਾਲੀ ਦੇ ਦਫਤਰ ਵਿਖੇ ਹੋਵੇਗੀ।

ਬੋਲੀ ਦੀਆਂ ਸਰਤਾਂ ਹੇਠ ਲਿਖੇ ਅਨੁਸਾਰ ਹਨ:-

1. ਬੋਲੀ ਦੇਣ ਵਾਲੇ ਵਿਅਕਤੀ ਨੂੰ ਰੁ: 4500/- ( ਰੁਪਏ ਚਾਰ ਹਜਾਰ ਪੰਜ ਸੌ ਸਿਰਫ) ਬਤੌਰ ਐਡਵਾਂਸ ਦੇਣੇ ਪੈਣਗੇ। ਅਸਫਲ ਬੋਲੀਕਾਰ ਦੀ ਐਡਵਾਂਸ ਲਈ ਹੋਈ ਰਕਮ ਵਾਪਸ ਕਰ ਦਿੱਤੀ ਜਾਵੇਗੀ। ਪਰ ਸਫਲ ਬੋਲੀਕਾਰ ਦੀ ਇਹ ਰਕਮ ਬੋਲੀ ਦੀ ਮਿਆਦ ਖਤਮ ਹੋਣ (ਮਿਤੀ 31.03.2018) ਤੋਂ ਬਾਅਦ ਵਾਪਸ ਕੀਤੀ ਜਾਵੇਗੀ।
2. ਜਿਸ ਵਿਅਕਤੀ ਦੀ ਬੋਲੀ ਸਭ ਤੋਂ ਵੱਧ ਹੋਵੇਗੀ, ਉਸ ਨੂੰ ਤੁਰੰਤ ਬੋਲੀ ਖਤਮ ਹੋਣ ਤੋਂ ਇੱਕ ਘੰਟੇ ਦੇ ਅੰਦਰ-ਅੰਦਰ ਬੋਲੀ ਦੀ ਦਿੱਤੀ ਹੋਈ ਰਕਮ ਜਮ੍ਹਾਂ ਕਰਵਾਉਣੀ ਪਵੇਗੀ।
3. ਜੇਕਰ ਸਭ ਤੋਂ ਵੱਧ ਬੋਲੀ ਦੇਣ ਵਾਲਾ ਵਿਅਕਤੀ ਕੁੱਲ ਰਕਮ ਜਮ੍ਹਾਂ ਨਹੀਂ ਕਰਵਾ ਸਕਿਆ ਤਾਂ ਉਸ ਦਾ ਐਡਵਾਂਸ ਜਬਤ ਕਰ ਲਿਆ ਜਾਵੇਗਾ ਅਤੇ ਉਸ ਤੋਂ ਘੱਟ ਦੇਣ ਵਾਲੇ ਵਿਅਕਤੀ ਨੂੰ ਆਪਣੀ ਬੋਲੀ ਦੀ ਰਕਮ ਜਮ੍ਹਾਂ ਕਰਵਾਉਣ ਦਾ ਅਧਿਕਾਰ ਹੋਵੇਗਾ।
4. ਜੇਕਰ ਇਹ ਵਿਅਕਤੀ ਇੱਕ ਘੰਟੇ ਦੇ ਅੰਦਰ-ਅੰਦਰ ਰਕਮ ਜਮ੍ਹਾਂ ਨਾਂ ਕਰਵਾ ਸਕਿਆ ਤਾਂ ਉਸ ਦਾ ਐਡਵਾਂਸ ਵੀ ਜਬਤ ਕਰ ਲਿਆ ਜਾਵੇਗਾ ਅਤੇ ਰਕਮ ਜਮ੍ਹਾਂ ਕਰਵਾਉਣ ਦਾ ਅਧਿਕਾਰ ਇਸ ਤੋਂ ਘੱਟ ਬੋਲੀ ਦੇਣ ਵਾਲੇ ਨੂੰ ਹੋਵੇਗਾ।
5. ਜੇਕਰ ਤੀਸਰਾ ਵਿਅਕਤੀ ਵੀ ਰਕਮ ਜਮ੍ਹਾਂ ਨਾਂ ਕਰਵਾ ਸਕਿਆ ਤਾਂ ਉਸ ਦੀ ਪੇਸਗੀ/ਐਡਵਾਂਸ ਵੀ ਜਬਤ ਕਰ ਲਿਆ ਜਾਵੇਗਾ।
6. ਬੋਲੀ ਘੱਟ ਰਹਿਣ ਦੀ ਹਾਲਤ ਵਿੱਚ ਬੋਲੀ ਦੁਬਾਰਾ ਕਿਸੇ ਸਮੇਂ ਵੀ ਕੀਤੀ ਜਾ ਸਕਦੀ ਹੈ, ਜੱਦ ਤੱਕ ਉੱਚ ਅਧਿਕਾਰੀ ਵਲੋਂ ਪ੍ਰਵਾਨਗੀ ਨਾਂ ਮਿਲ ਜਾਵੇ।
7. ਬੋਲੀਕਾਰ ਨੂੰ ਅਸਟਾਮ ਪੇਪਰ ਤੇ ਯੋਗ ਐਗਰੀਮੈਂਟ ਕਰਕੇ ਦੇਣਾ ਪਵੇਗਾ।
8. ਕੰਨਟੀਲ ਦਾ ਕਬਜਾ ਮਿਤੀ 31.03.2018 ਨੂੰ ਬਾਦ ਦੁਪਿਹਰ ਨੂੰ ਛੱਡਣਾ ਪਵੇਗਾ।
9. ਖਾਣ ਪੀਣ ਵਾਲੀਆਂ ਚੀਜਾਂ ਦਾ ਰੇਟ ਤੋਲ/ਮਾਪ ਤੇ ਆਧਾਰ ਤੇ ਮਾਰਕਿਟ ਤੋਂ ਵੱਧ ਨਹੀਂ ਹੋਣਾ ਚਾਹੀਦਾ।
10. ਸਮਰੱਥ ਅਧਿਕਾਰੀ (ਕਾਰਜਕਾਰੀ ਇੰਜੀਨੀਅਰ, ਜਲ ਸਾਧਨ ਖੋਜ ਮੰਡਲ, ਪੰਜਾਬ, ਵਾਟਰ ਰਿਸੋਰਸਿਜ ਭਵਨ, ਸੈਕਟਰ 68, ਐਸ.ਏ.ਐਸ. ਨਗਰ, ਮੋਹਾਲੀ) ਦੀ ਮੰਨਜੂਰੀ ਤੋਂ ਬਿਨਾਂ ਕਿਸੇ ਵੀ ਆਈਟਮ ਦੇ ਰੇਟ ਨਹੀਂ ਵਧਾਏ ਜਾ ਸਕਦੇ।
11. ਖਾਣ-ਪੀਣ ਵਾਲੀਆਂ ਚੀਜਾਂ ਵਧੀਆਂ ਅਤੇ ਸਦਾ ਢੱਕੀਆਂ ਹੋਣੀਆਂ ਚਾਹੀਦੀਆਂ ਹਨ।
12. ਆਈਟਮਾਂ ਦੀ ਕੁਆਲਿਟੀ ਦੀ ਚੈਕਿੰਗ ਸਮਰੱਥ ਅਧਿਕਾਰੀ ਵਲੋਂ ਕਿਸੇ ਵੀ ਸਮੇਂ ਕੀਤੀ ਜਾ ਸਕਦੀ ਹੈ। ਕੁਆਲਿਟੀ ਘਟੀਆ ਪਾਏ ਜਾਣ ਤੇ ਕੰਨਟੀਨ ਦਾ ਠੇਕਾ ਬਿਨਾ ਕਿਸੇ ਐਡਵਾਂਸ ਨੋਟਿਸ ਦਿੱਤੇ ਖਤਮ ਕਰ ਦਿੱਤਾ ਜਾਵੇਗਾ।
13. ਕੰਨਟੀਨ ਵਿੱਚ ਬਿਜਲੀ ਦੀ ਖਪਤ ( ਬਿਜਲੀ ਦੇ ਉਪਕਰਣ ਵਰਤਣ ਲਈ) ਦਾ ਖਰਚਾ ਸਫਲ ਬੋਲੀਕਾਰ ਦਾ ਹੋਵੇਗਾ।
14. ਕੇਵਲ ਸਫਲ ਬੋਲੀਕਾਰ ਕੰਨਟੀਨ ਵਿੱਚ ਕਿਸੇ ਵੀ ਤਰ੍ਹਾਂ ਦੀ ਦੁਰਘਟਨਾ , ਲੜਾਈ ਝਗੜਾ, ਲਿਟੀਗੇਸਨ ਆਦਿ ਦਾ ਖੁਦ ਜਿਮੇਵਾਰ ਹੋਵੇਗਾ। ਕੰਨਟੀਨ ਦੀ ਹਾਲਤ ਬੋਲੀਕਾਰ ਮੌਕੇ ਤੇ ਦੇਖ ਸਕਦਾ ਹੈ। ਕੰਨਟੀਨ ਵਿੱਚ ਜੇਕਰ ਕੋਈ ਦੁਰਘਟਨਾ ਜਾਂ ਕੁਦਰਤੀ ਆਫਤ ਕਾਰਨ ਨੁਕਸਾਨ ਹੁੰਦਾ ਹੈ ਜਿਵੇਂ ਕਿ ਚੋਰੀ, ਅੱਗ ਆਦਿ ਨਾਲ ਤਾਂ ਇਸ ਬਾਰੇ ਮਹਿਕਮੇ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ। ਕੰਨਟੀਨ/ ਰਸੋਈ ਵਿੱਚ ਸਫਲ ਬੋਲੀਕਾਰ ਅੱਗ ਬੁਝਾਉ ਯੰਤਰ ਸਥਾਪਤ ਕਰੇਗਾ। ਇਸ ਤੋਂ ਇਲਾਵਾ ਜੇ ਕੰਨਟੀਨ ਦੀ ਇਮਾਰਤ ਨੂੰ ਕੋਈ ਨੁਕਸਾਨ ਪਹੁੰਚਾਇਆ ਜਾਂਦਾ ਹੈ ਇਹ ਸਫਲ ਬੋਲੀਕਾਰ ਤੋ ਵਸੂਲ ਕੀਤਾ ਜਾਵੇਗਾ।
15. ਵਾਟਰ ਰਿਸੋਰਸਿਜ ਭਵਨ ਇੱਕ ਆਧੁਨਿਕ ਏ.ਸੀ. ਇਮਾਰਤ ਹੈ। ਇਸ ਲਈ ਕੰਨਟੀਨ ਦੀ ਸਫਾਈ ਦਾ ਜਿੰਮ੍ਹਾਂ ਸਫਲ ਬੋਲੀਕਾਰ ਦਾ ਹੋਵੇਗਾ। ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਹੋਣ ਕਰਕੇ ਹੋਣ ਵਾਲੇ ਨੁਕਸਾਨ ਦੀ ਭਰਪਾਈ ਸਫਲ ਬੋਲੀਕਾਰ ਤੋਂ ਕੀਤੀ ਜਾਵੇਗੀ।
16. ਬੋਲੀਕਾਰ ਪਾਸ ਕੰਨਟੀਨ ਚਲਾਉਣ ਤਾ ਤਜਰਬਾ ਹੋਣਾ ਜਰੂਰੀ ਹੈ।
17. ਬੋਲੀਕਾਰ ਕੋਲ ਵਧੀਆ ਕੁਆਲਿਟੀ ਫਰਨੀਚਰ, ਕਾਊਂਟਰ ਰੇਫਰੀਜਿਰੇਟਰ, ਮਾਈਕਰੋਵੇਵ ਔਵਨ, ਗੈਸ ਸਿਲੰਡਰ ਅਤੇ ਯੋਗ ਮਾਤਰਾ ਵਿੱਚ ਚੰਗੀ ਕਰਾਕਰੀ ਤੇ ਬਰਤਣ ਹੋਣੇ ਲਾਜਮੀ ਹਨ।
18. ਬੋਲੀਕਾਰ ਘੱਟੋ ਘੱਟ ਇੱਕ ਕੁੱਕ ਅਤੇ ਇੱਕ ਹੈਲਪਰ ਕੰਨਟੀਨ ਵਿੱਚ ਮੁਹੱਇਆ ਕਰਵਾਏਗਾ।
19. ਬੋਲੀ ਪ੍ਰਵਾਨ ਕਰਨ ਜਾਂ ਨਾਂ ਕਰਨ ਦਾ ਪੂਰਾ ਅਧਿਕਾਰ ਉੱਚ ਅਧਿਕਾਰੀਆਂ ਨੂੰ ਹੋਵੇਗਾ।

ਉਪ ਮੰਡਲ ਅਫਸਰ,
ਜਲ ਸਾਧਨ ਖੋਜ ਉਪ ਮੰਡਲ ਨੰ: 1, ਪੰਜਾਬ,
ਐਸ. ਏ. ਐਸ. ਨਗਰ ( ਮੋਹਾਲੀ)

ਨੰਬਰ 56-73/6G ਮਿਤੀ 24-03-2017

ਉਪਰੋਕਤ ਦਾ ਉਤਾਰਾ:-

1 ਮੁੱਖ ਇੰਜੀਨੀਅਰ,ਜਲ ਸਾਧਨ,ਸਿੰਚਾਈ ਵਿਭਾਗ,ਐਸ.ਏ.ਐਸ ਨਗਰ ।
2 ਡਾਇਰੈਕਟਰ,ਵਾਟਰ ਰਿਸੋਰਸਿਜ ਅਤੇ ਵਾਤਾਵਰਣ ਡਾਇਰੈਕਟੋਰੇਟ,ਮੋਹਾਲੀ ।
3 ਡਾਇਰੈਕਟਰ,ਪਲਾਨਿੰਗ ਅਤੇ ਡਿਜਾਇਨ ਸੱਟਡੀਜ,ਪੰਜਾਬ ,ਮੋਹਾਲੀ ।
4 ਕਾਰਜਕਾਰੀ ਇੰਜੀਨੀਅਰ,ਜਲ ਸਾਧਨ ਖੋਜ ਮੰਡਲ ਐਸ.ਏ.ਐਸ ਨਗਰ ।
5 ਕਾਰਜਕਾਰੀ ਇੰਜੀਨੀਅਰ,ਡਿਸਚਾਰਜ ਮੰਡਲ ਐਸ.ਏ.ਐਸ ਨਗਰ ।
6 ਸੀਨੀਅਰ ਹਾਈਡਰੋਲੋਜੀ ਮੰਡਲ,ਪੰਜਾਬ ਐਸ.ਏ.ਐਸ ਨਗਰ ।
7 ਕਾਰਜਕਾਰੀ ਇੰਜੀਨੀਅਰ,ਪ੍ਰੋਜੈਕਟ ਮੰਡਲ ਪੰਜਾਬ ਐਸ.ਏ.ਐਸ ਨਗਰ ।
8 ਸੀਨੀਅਰ ਹਾਈਡਰੋਜਿਆਲੋਜਿਸਟ,ਗਰਾਂਉਡ ਵਾਟਰ ਰਿਸੋਰਸਿਜ ਮੰਡਲ ਐਸ.ਏ.ਐਸ ਨਗਰ ।
9 ਉਮੀਦ ਫਾਉਡੇਸਨ ਸੈਕਟਰ 32 ਚੰਡੀਗੜ੍ਹ ।
10 ਕੰਨਟੀਨ ਠੇਕੇਦਾਰ,ਗਮਾਡਾ ।
11 ਕੰਨਟੀਨ ਠੇਕੇਦਾਰ,ਕਿਸਾਨ ਭਵਨ ।
12 ਕੰਨਟੀਨ ਠੇਕੇਦਾਰ,ਫਾਰੇਸਟ ਭਵਨ ।
13 ਕੰਨਟੀਨ ਠੇਕੇਦਾਰ,ਮੰਡੀ ਬੋਰਡ ਐਸ.ਏ.ਐਸ ਨਗਰ ।
14 ਸ੍ਰੀ ਉਂਕਾਰ ਸਿੰਘ,ਮਕਾਨ ਨੰ: 2816 ਪਿੰਡ ਕਜੇਹੜੀ,ਚੰਡੀਗੜ੍ਹ ।
15 ਸ੍ਰੀ ਸੁਨੀਲ ਕੁਮਾਰ,ਮਕਾਨ ਨੰ: 2115/2 ਸੈਕਟਰ 19 ਸੀ ਚੰਡੀਗੜ੍ਹ ।
16 ਸ੍ਰੀ ਅਰਮਜੀਤ ਕੋਰ,ਮਕਾਨ ਨੰ: 3028/ਬੀ ਸੈਕਟਰ 52 ਚੰਡੀਗੜ੍ਹ ।
17 ਕਾਪੀ ਨੋਟਿਸ ਬੋਰਡ ।
18. ਕੰਪਿਊਟਰ ਸੈਲ

ਉਪ ਮੰਡਲ ਅਫਸਰ,
ਜਲ ਸਾਧਨ ਖੋਜ ਉਪ ਮੰਡਲ ਨੰ: 1,ਪੰਜਾਬ,
ਐਸ.ਏ.ਐਸ ਨਗਰ ( ਮੋਹਾਲੀ )

ਕੰਪਿਊਟਰ ਸੈਲ ਸਿੰਚਾਈ ਵਿਭਾਗ ਪੰਜਾਬ
ਚੰਡੀਗੜ੍ਹ
ਡਾਇਰੀ ਨੰ 215 ਮਿਤੀ 24-03-17

Ramesh Sharma 9417334622
A.E